ਜ਼ਿੰਮੇਵਾਰ ਬਣੋ ਵੋਟਰ ਬਣੋ


ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

OFFICE OF THE

DISTRICT ELECTION OFFICER-CUM-DEPUTY COMMISSIONER, AMRITSAR

(Old Blood Bank Near Ram Bagh Railway Phatak, Amritsar)

Phone No. 0183-2227118 Email - electeh.amritsar@gmail.com


---

ਪੱਤਰ ਨੰਬਰ ਚੋਣ-2017/ 3537 ਮਿਤੀ : ਅੰਮ੍ਰਿਤਸਰ: 28 ਜੂਨ, 2017

ਸੇਵਾ ਵਿਖੇ,

1. ਜਿਲ੍ਹਾ ਸਿੱਖਿਆ ਅਫ਼ਸਰ, (ਸੈ:ਸਿੱ:), ਅੰਮ੍ਰਿਤਸਰ।
2. ਜਿਲ੍ਹਾ ਸਿੱਖਿਆ ਅਫ਼ਸਰ, (ਐ:ਸਿੱ:), ਅੰਮ੍ਰਿਸਤਰ।

ਵਿਸ਼ਾ:- 18 ਤੋਂ 21 ਸਾਲ ਵਾਲੇ ਵੋਟਰਾਂ ਦੀ ਰਜਿਸਟ੍ਰੇਸ਼ਨ ਸਬੰਧੀ ਸਪੈਸ਼ਲ ਡਰਾਈਵ 2017-ਸਪੈਸ਼ਲ ਕੰਮਪੇਨ ਮਿਤੀ 09.07.2017 ਅਤੇ ਮਿਤੀ 23.07.2017 (ਐਤਵਾਰ) ਨੂੰ ਸਮੂਹ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ ਖੁੱਲੇ ਰੱਖਣ ਸਬੰਧੀ।

ਉਪਰੋਕਤ ਵਿਸ਼ੇ ਪੁਰ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਵੋਟਰ ਸੂਚੀ ਦੀ ਸਪੈਸ਼ਲ ਡਰਾਈਵ ਯੋਗਤਾ ਮਿਤੀ 01.01.2017 ਦਾ ਪ੍ਰੋਗਰਾਮ ਜਾਰੀ ਕੀਤਾ ਜਾ ਚੁੱਕਾ ਹੈ। ਇਸ ਪ੍ਰੋਗਰਾਮ ਅਨੁਸਾਰ ਸਪੈਸ਼ਲ ਕੰਮਪੇਨ ਦੀ ਮਿਤੀ 09.07.2017 ਅਤੇ ਮਿਤੀ 23.07.2017 ਦਿਨ ਐਤਵਾਰ ਨੂੰ ਸਮੂਹ ਬੀ.ਐਲ.ਓਜ਼ ਵੱਲੋਂ ਪੋਲਿੰਗ ਬੂਥਾਂ ਤੇ ਬੈਠ ਕੇ ਸਵੇਰੇ 09-00 ਤੋਂ ਲੈ ਕੇ ਸ਼ਾਮ 05-00 ਤੱਕ 18-21 ਸਾਲ ਵਾਲੇ ਨਵਯੁਵਕਾਂ ਪਾਸੋਂ ਫਾਰਮ ਨੰਬਰ 6 ਪ੍ਰਾਪਤ ਕੀਤੇ ਜਾਣੇ ਹਨ ਇਸ ਲਈ ਮਿਤੀ 09.07.2017 ਅਤੇ ਮਿਤੀ 23.07.2017 ਦਿਨ ਐਤਵਾਰ ਨੂੰ ਸਮੂਹ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ (ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ) ਸਵੇਰੇ 09-00 ਤੋਂ 05-00 ਵਜੇ ਤੱਕ ਖੁੱਲੇ ਰੱਖੇ ਜਾਣ ਅਤੇ ਕਿਸੇ ਜ਼ਿੰਮੇਵਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਬੀ.ਐਲ.ਓਜ਼. ਨੂੰ ਪੂਰਾ ਸਹਿਯੋਗ ਦੇਵੇ ਅਤੇ ਲੋੜੀਂਦਾ ਫਰਨੀਚਰ ਹੋਰ ਸਮਾਨ ਮੁਹੱਈਆ ਕਰਵਾਏ। ਇਸ ਸਬੰਧੀ ਕੀਤੀ ਗਈ ਕਾਰਵਾਈ ਤੋਂ ਇਸ ਦਫ਼ਤਰ ਨੂੰ ਮਿਤੀ 03.07.2016 ਨੂੰ ਜਾਣੂ ਕਰਵਾਇਆ ਜਾਵੇ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ ਚੋਣ-2017/ 3538 ਮਿਤੀ : ਅੰਮ੍ਰਿਤਸਰ : 28 ਜੂਨ, 2017

ਇਸ ਦਾ ਇੱਕ ਉਤਾਰਾ:-

1. ਪੀ.ਏ.ਟੂ ਡੀ.ਸੀ. ਮਾਨਯੋਗ ਡੀ.ਸੀ. ਸਾਹਿਬ ਜੀ ਦੀ ਜਾਣਕਾਰੀ ਹਿੱਤ
2. ਪੀ.ਏ.ਟੂ ਏ. ਡੀ.ਸੀ. (ਜ) ਮਾਨਯੋਗ ਏ.ਡੀ.ਸੀ. (ਜ), ਅੰਮ੍ਰਿਤਸਰ ਜੀ ਦੀ ਜਾਣਕਾਰੀ ਹਿੱਤ
3. ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 09.07.2017 ਅਤੇ ਮਿਤੀ 23.07.2017 (ਐਤਵਾਰ) ਨੂੰ ਸਮੂਹ ਬੀ.ਐਲ.ਓਜ਼. ਦੀ ਪੋਲਿੰਗ ਬੂਥਾਂ ਤੇ ਸਵੇਰੇ 09-00 ਤੋਂ ਸ਼ਾਮ 05-00 ਤੱਕ ਹਾਜਰੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਤਾਂ ਜੋ ਆਮ ਜਨਤਾ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।
4. ਜਿਲ੍ਹਾ ਲੋਕ ਸੰਪਰਕ ਅਫ਼ਸਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 09.07.2017 (ਐਤਵਾਰ) ਅਤੇ ਮਿਤੀ 23.07.2017 (ਐਤਵਾਰ) ਨੂੰ ਜਿਲ੍ਹੇ ਦੇ ਸਮੂਹ ਚੋਣ ਹਲਕਿਆਂ ਵਿੱਚ ਨਿਯੁਕਤ ਬੀ.ਐਲ.ਓ ਸਬੰਧ ਪੋਲਿੰਗ ਬੂਥਾਂ (ਜਿਥੇ ਵੋਟਰ ਆਪਣੀ ਵੋਟ ਪਾਉਂਦੇ ਹਨ) ਵਿਖੇ ਸਵੇਰੇ 09-00 ਤੋਂ 05-00 ਵਜੇ ਤੱਕ ਹਾਜਰ ਰਹਿ ਕੇ 18 ਤੋਂ 21 ਸਾਲ ਵਾਲੇ ਵੋਟਰਾਂ ਪਾਸੋਂ ਫਾਰਮ ਨੰਬਰ ਪਾਸੋਂ ਫਾਰਮ ਨੰਬਰ 6 ਪ੍ਰਾਪਤ ਕਰਨਗੇ ਇਸ ਦਾ ਪ੍ਰੈਸ ਨੋਟ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਖੁੱਲਾ ਪ੍ਰਚਾਰ ਕਰਵਾ ਦਿੱਤਾ ਜਾਵੇ।
5. ਚੋਣ ਹਲਕਿਆਂ ਵਿੱਚ ਨਿਯੁਕਤ ਸਮੂਹ ਚੋਣ ਕਾਨੂੰਗੋ/ਇਲੈਕਸ਼ਨ ਸਟਾਫ ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।